# 20ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਅਤੇ 18ਵੇਂ ਪੂਰਬੀ ਏਸ਼ੀਆ ਸਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ

ਸਤੰਬਰ 07, 2023

ਪ੍ਰਧਾਨ ਮੰਤਰੀ ਨੇ 7 ਸਤੰਬਰ 2023 ਨੂੰ ਜਕਾਰਤਾ ਵਿੱਚ 20ਵੇਂ ਆਸੀਆਨ-ਭਾਰਤ ਸੰਮੇਲਨ ਅਤੇ 18ਵੇਂ ਪੂਰਬੀ ਏਸ਼ੀਆ ਸੰਮੇਲਨ (ਈਏਐਸ) ਵਿੱਚ ਸ਼ਿਰਕਤ ਕੀਤੀ।

ਆਸੀਆਨ-ਭਾਰਤ ਸਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨੇ ਆਸੀਆਨ-ਭਾਰਤ ਵਿਆਪਕ ਰਣਨੀਤਕ ਭਾਈਵਾਲੀ ਨੂੰ ਹੋਰ ਪੁਖ਼ਤਾ ਕਰਨ ਸਮੇਤ ਇਸ ਦੀਆਂ ਭਵਿੱਖ ਸਬੰਧੀ ਯੋਜਨਾਵਾਂ ਨੂੰ ਤਿਆਰ ਕਰਨ 'ਤੇ ਆਸੀਆਨ ਭਾਈਵਾਲਾਂ ਨਾਲ ਡੂੰਘੀ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਹਿੰਦ-ਪ੍ਰਸ਼ਾਂਤ ਵਿੱਚ ਆਸੀਆਨ ਦੀ ਕੇਂਦਰਤਾ ਦੀ ਪੁਸ਼ਟੀ ਕੀਤੀ ਅਤੇ ਭਾਰਤ ਦੇ ਹਿੰਦ-ਪ੍ਰਸ਼ਾਂਤ ਮਹਾਸਾਗਰ ਦੀ ਪਹਿਲਕਦਮੀ (ਆਈਪੀਓਆਈ) ਸਮੇਤ ਆਸੀਆਨ ਦੇ ਹਿੰਦ-ਪ੍ਰਸ਼ਾਂਤ ਉੱਤੇ ਦ੍ਰਿਸ਼ਟੀਕੋਣ (ਏਓਆਈਪੀ) ਦਰਮਿਆਨ ਤਾਲਮੇਲ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਆਸੀਆਨ-ਇੰਡੀਆ ਐੱਫਟੀਏ (ਏਟੀਆਈਜੀਏ) ਦੀ ਸਮੀਖਿਆ ਨੂੰ ਸਮਾਂਬੱਧ ਢੰਗ ਨਾਲ ਪੂਰਾ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਪ੍ਰਧਾਨ ਮੰਤਰੀ ਨੇ ਭਾਰਤ – ਆਸੀਆਨ ਸਹਿਯੋਗ ਨੂੰ ਮਜ਼ਬੂਤ ਕਰਨ ਲਈ 12-ਨੁਕਾਤੀ ਪ੍ਰਸਤਾਵ ਪੇਸ਼ ਕੀਤਾ ਜਿਸ ਵਿੱਚ ਕੁਨੈਕਟੀਵਿਟੀ, ਡਿਜੀਟਲ ਪਰਿਵਰਤਨ, ਵਪਾਰ ਅਤੇ ਆਰਥਿਕ ਰੁਝੇਵੇਂ, ਸਮਕਾਲੀ ਚੁਣੌਤੀਆਂ ਨੂੰ ਹੱਲ ਕਰਨ ਸਮੇਤ ਲੋਕਾਂ ਤੋਂ ਲੋਕਾਂ ਦਰਮਿਆਨ ਸਬੰਧਾਂ ਅਤੇ ਰਣਨੀਤਕ ਰੁਝੇਵਿਆਂ ਨੂੰ ਡੂੰਘਾ ਕਰਨਾ ਸ਼ਾਮਲ ਹੈ:

• ਦੱਖਣ-ਪੂਰਬੀ ਏਸ਼ੀਆ-ਭਾਰਤ-ਪੱਛਮੀ ਏਸ਼ੀਆ-ਯੂਰਪ ਨੂੰ ਜੋੜਨ ਵਾਲੇ ਮਲਟੀ-ਮੋਡਲ ਕਨੈਕਟੀਵਿਟੀ ਅਤੇ ਆਰਥਿਕ ਗਲਿਆਰੇ ਦੀ ਸਥਾਪਨਾ

• ਆਸੀਆਨ ਭਾਈਵਾਲਾਂ ਨਾਲ ਭਾਰਤ ਦੇ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ ਸਟੈਕ ਨੂੰ ਸਾਂਝਾ ਕਰਨ ਦੀ ਪੇਸ਼ਕਸ਼ ਕੀਤੀ ਗਈ

• ਡਿਜੀਟਲ ਪਰਿਵਰਤਨ ਅਤੇ ਵਿੱਤੀ ਕਨੈਕਟੀਵਿਟੀ ਵਿੱਚ ਸਹਿਯੋਗ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਡਿਜੀਟਲ ਭਵਿੱਖ ਲਈ ਆਸੀਆਨ-ਇੰਡੀਆ ਫੰਡ ਦੀ ਘੋਸ਼ਣਾ ਕੀਤੀ।

• ਆਪਣੇ ਰੁਝੇਵਿਆਂ ਨੂੰ ਵਧਾਉਣ ਲਈ ਗਿਆਨ ਭਾਗੀਦਾਰ ਵਜੋਂ ਕੰਮ ਕਰਨ ਲਈ ਆਸੀਆਨ ਅਤੇ ਪੂਰਬੀ ਏਸ਼ੀਆ (ਈਆਰਆਈਏ) ਦੇ ਆਰਥਿਕ ਅਤੇ ਖੋਜ ਸੰਸਥਾਨ ਨੂੰ ਨਵੀਨੀਕਰਨ ਵਿੱਚ ਸਮਰਥਨ ਦੇਣ ਦਾ ਐਲਾਨ ਕੀਤਾ।

• ਗਲੋਬਲ ਸਾਊਥ ਵੱਲੋਂ ਬਹੁ-ਪੱਖੀ ਮੰਚਾਂ 'ਤੇ ਸਮੂਹਿਕ ਤੌਰ 'ਤੇ ਉਠਾਏ ਜਾ ਰਹੇ ਮੁੱਦਿਆਂ ਨੂੰ ਰੱਖਣ ਲਈ ਕਿਹਾ ਗਿਆ

• ਭਾਰਤ ਵਿੱਚ ਡਬਲਿਊਐੱਚਓ ਦੁਆਰਾ ਸਥਾਪਿਤ ਕੀਤੇ ਜਾ ਰਹੇ ਗਲੋਬਲ ਸੈਂਟਰ ਫਾਰ ਟ੍ਰੇਡੀਸ਼ਨਲ ਮੈਡੀਸੀਨ ਵਿੱਚ ਸ਼ਾਮਲ ਹੋਣ ਲਈ ਆਸੀਆਨ ਦੇਸ਼ਾਂ ਨੂੰ ਸੱਦਾ ਦਿੱਤਾ

• ਮਿਸ਼ਨ ਲਾਈਫ 'ਤੇ ਇਕੱਠੇ ਕੰਮ ਕਰਨ ਲਈ ਕਿਹਾ ਗਿਆ

• ਜਨ-ਔਸ਼ਧੀ ਕੇਂਦਰਾਂ ਰਾਹੀਂ ਲੋਕਾਂ ਨੂੰ ਸਸਤੀਆਂ ਅਤੇ ਗੁਣਵੱਤਾ ਭਰਪੂਰ ਦਵਾਈਆਂ ਪ੍ਰਦਾਨ ਕਰਨ ਵਿੱਚ ਭਾਰਤ ਦੇ ਤਜ਼ਰਬੇ ਨੂੰ ਸਾਂਝਾ ਕਰਨ ਦੀ ਪੇਸ਼ਕਸ਼ ਕੀਤੀ

• ਅੱਤਵਾਦ, ਅੱਤਵਾਦੀ ਲਈ ਵਿੱਤ ਅਤੇ ਸਾਈਬਰ-ਡਿਸਇਨਫਰਮੇਸ਼ਨ ਦੇ ਖਿਲਾਫ ਸਮੂਹਿਕ ਰੂਪ ਵਿੱਚ ਇਕਠੇ ਹੋਕੇ ਕੰਮ ਕਰਨ ਦਾ ਸੱਦਾ ਦਿੱਤਾ

• ਆਸੀਆਨ ਦੇਸ਼ਾਂ ਨੂੰ ਆਫ਼ਤ ਲਚਕਦਾਰ ਬੁਨਿਆਦੀ ਢਾਂਚੇ ਲਈ ਗੱਠਜੋੜ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ

• ਆਫ਼ਤ ਪ੍ਰਬੰਧਨ ਵਿੱਚ ਸਹਿਯੋਗ ਕਰਨ ਲਈ ਕਿਹਾ

• ਸਮੁੰਦਰੀ ਰੱਖਿਆ, ਸੁਰੱਖਿਆ ਅਤੇ ਡੋਮੇਨ ਜਾਗਰੂਕਤਾ 'ਤੇ ਸਹਿਯੋਗ ਵਧਾਉਣ ਲਈ ਕਿਹਾ

ਦੋ ਸਾਂਝੇ ਬਿਆਨਾਂ ਵਿੱਚ, ਇੱਕ ਸਮੁੰਦਰੀ ਸਹਿਯੋਗ ਅਤੇ ਦੂਜਾ ਖੁਰਾਕ ਸੁਰੱਖਿਆ, ਨੂੰ ਅਪਣਾਇਆ ਗਿਆ

ਭਾਰਤ ਅਤੇ ਆਸੀਆਨ ਨੇਤਾਵਾਂ ਤੋਂ ਇਲਾਵਾ, ਤਿਮੋਰ-ਲੇਸਤੇ ਨੇ ਆਬਜ਼ਰਵਰ ਵਜੋਂ ਸੰਮੇਲਨ ਵਿੱਚ ਹਿੱਸਾ ਲਿਆ।

18ਵੇਂ ਪੂਰਬੀ ਏਸ਼ੀਆ ਸਿਖਰ ਸੰਮੇਲਨ ਵਿੱਚ, ਪ੍ਰਧਾਨ ਮੰਤਰੀ ਨੇ ਈਏਐੱਸ ਤੰਤਰ ਦੀ ਮਹੱਤਤਾ ਨੂੰ ਦੁਹਰਾਇਆ ਅਤੇ ਇਸਨੂੰ ਹੋਰ ਪੁਖ਼ਤਾ ਕਰਨ ਲਈ ਆਪਣੇ ਸਮਰਥਨ ਦੀ ਪੁਸ਼ਟੀ ਕੀਤੀ। ਪ੍ਰਧਾਨ ਮੰਤਰੀ ਨੇ ਆਸੀਆਨ ਕੇਂਦਰਤਾ ਲਈ ਭਾਰਤ ਦੇ ਸਮਰਥਨ ਨੂੰ ਰੇਖਾਂਕਿਤ ਕੀਤਾ ਅਤੇ ਹਿੰਦ-ਪ੍ਰਸ਼ਾਂਤ ਨੂੰ ਆਜ਼ਾਦ, ਖੁੱਲ੍ਹੇ ਅਤੇ ਨਿਯਮਾਂ 'ਤੇ ਆਧਾਰਿਤ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ।

ਪ੍ਰਧਾਨ ਮੰਤਰੀ ਨੇ ਭਾਰਤ ਅਤੇ ਆਸੀਆਨ ਦਰਮਿਆਨ ਹਿੰਦ-ਪ੍ਰਸ਼ਾਂਤ ਲਈ ਦ੍ਰਿਸ਼ਟੀਕੋਣਾਂ ਦੀ ਸਾਂਝ ਦਾ ਪ੍ਰਗਟਾਵਾ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਸੀਆਨ ਕਵਾਡ ਦੇ ਦ੍ਰਿਸ਼ਟੀਕੋਣ ਦਾ ਕੇਂਦਰ ਬਿੰਦੂ ਹੈ।

ਪ੍ਰਧਾਨ ਮੰਤਰੀ ਨੇ ਆਤੰਕਵਾਦ, ਜਲਵਾਯੂ ਪਰਿਵਰਤਨ, ਭੋਜਨ ਅਤੇ ਦਵਾਈਆਂ ਸਮੇਤ ਜ਼ਰੂਰੀ ਵਸਤਾਂ ਲਈ ਲਚਕੀਲੀ ਸਪਲਾਈ ਚੇਨ ਤੇ ਊਰਜਾ ਸੁਰੱਖਿਆ ਸਬੰਧੀ ਅੰਤਰਰਾਸ਼ਟਰੀ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਸਹਿਯੋਗੀ ਪਹੁੰਚ ਦਾ ਸੱਦਾ ਵੀ ਦਿੱਤਾ। ਉਸਨੇ ਜਲਵਾਯੂ ਤਬਦੀਲੀ ਦੇ ਖੇਤਰ ਵਿੱਚ ਭਾਰਤ ਦੇ ਕਦਮਾਂ ਅਤੇ ਸਾਡੀਆਂ ਪਹਿਲਕਦਮੀਆਂ ਜਿਵੇਂ ਕਿ ਆਈਐੱਸਏ, ਸੀਡੀਆਰਆਈ, ਲਾਈਫ ਅਤੇ ਓਐੱਸਓਡਬਲਿਊਜੀ ਨੂੰ ਉਜਾਗਰ ਕੀਤਾ।

ਨੇਤਾਵਾਂ ਨੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ।

**ਜਕਾਰਤਾ**
**ਸਤੰਬਰ 07, 2023**